ਤੁਹਾਡੀ ਪੁਲਿਸ ਫੋਰਸ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕਾਂ ਦੀ ਮਦਦ ਕਰੇਗੀ ਅਤੇ ਤੁਹਾਨੂੰ ਅਤੇ ਤੁਹਾਡੇ ਨੇਬਰਹੁੱਡ ਨੂੰ ਨੁਕਸਾਨ ਤੋਂ ਸੁਰੱਖਿਅਤ ਰੱਖਣ ਲਈ ਅਪਰਾਧੀਆਂ ਦੀ ਸਖਤੀ ਨਾਲ ਪਿੱਛਾ ਕਰੇਗੀ ।

**ਅਸੀਂ:**

- ਇਹ ਯਕੀਨਣ ਬਣਾਉਣ ਲਈ ਕਿ ਤੁਸੀਂ ਸਾਡੀਆਂ ਸਰਵਿਸਿਜ਼ ਦੀ ਨਿਰਪੱਖਤਾ ਪੂਰਵਕ ਵਰਤੋਂ ਉਸ ਸਮੇਂ ਕਰ ਸਕਦੇ ਹੋ ਜਿਹੜਾ ਤੁਹਾਡੇ ਲਈ ਉਚਿੱਤ ਅਤੇ ਅਨੁਕੂਲ ਹੋਵੇ, ਹਮੇਸ਼ਾਂ ਤੁਹਾਡੇ ਨਾਲ ਮਾਨ ਸਨਮਾਨ ਨਾਲ ਨਿਰਪੱਖ ਵਿਹਾਰ ਕਰਾਂਗੇ ।

ਤੁਹਾਨੂੰ ਜਾਣਕਾਰੀ ਦੇਵਾਂਗੇ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਤੁਹਾਡੀ ਸਮਰਪਿਤ ਨੇਬਰਹੁੱਡ ਪੁਲਿਸਿੰਗ ਟੀਮ ਵਿੱਚ ਕੌਣ ਕੌਣ ਹੈ ਅਤੇ ਉਹ ਕਿਥੇ ਸਥਿਤ ਹਨ, ਉਹਨਾਂ ਨਾਲ ਕਿਵੇਂ ਸੰਪਰਕ ਕਰਨਾ ਹੈ ਅਤੇ ਉਹਨਾਂ ਨਾਲ ਕਿਵੇਂ ਕੰਮ ਕਰਨਾ ਹੈ।

- ਇਹ ਯਕੀਨਣ ਬਣਾਵਾਂਗੇ ਕਿ ਨੇਬਰਹੁੱਡ ਪੁਲਿਸਿੰਗ ਟੀਮ ਅਤੇ ਹੋਰ ਪੁਲਿਸ ਪੈਟ੍ਰੋਲਜ਼ (ਪੁਲਿਸ ਦੀਆਂ ਗਸ਼ਤੀ ਟੋਲੀਆਂ) ਦਿਖਾਈ ਦੇਣ ਅਤੇ ਉਸ ਸਮੇਂ ਤੁਹਾਡੇ ਇਲਾਕੇ ਵਿੱਚ ਹੋਣ ਜਦ ਉਹਨਾਂ ਦਾ ਉਥੇ ਹੋਣ ਦਾ ਸੱਭ ਤੋਂ ਵੱਧ ਫ਼ਾਇਦਾ ਹੋਵੇ ਅਤੇ ਜਦ ਤੁਸੀਂ ਸਾਨੂੰ ਦੱਸੋ ਕਿ ਉਹਨਾਂ ਦੀ ਤੁਹਾਨੂੰ ਸੱਭ ਤੋਂ ਵੱਧ ਲੋੜ ਹੈ । ਅਸੀਂ ਯਕੀਨਣ ਬਣਾਵਾਂਗੇ ਕਿ ਤੁਹਾਡੀ ਟੀਮ ਨੂੰ ਨੇਬਰਹੁੱਡ ਦੇ ਕੰਮ ਤੋਂ ਉਦੋਂ ਤੱਕ ਨਾ ਹਟਾਇਆ ਜਾਵੇ ਜਦ ਕਿ ਦੂਸਰਾ ਕੰਮ ਉਸ ਨਾਲੋਂ ਵੀ ਜ਼ਰੂਰੀ ਨਾ ਹੋਵੇ । ਉਹ ਆਪਣਾ ਘੱਟੋ ਘਟ 80% ਸਮਾਂ ਤੁਹਾਡੇ ਨੇਬਟਰਹੁੱਡ ਵਿੱਚ ਪ੍ਰਤੱਖ ਤੌਰ ਤੇ ਕੰਮ ਕਰਦੇ ਹੋਏ, ਤੁਹਾਡੀਆਂ ਤਰਜੀਹਾਂ ਨਾਲ ਨਜਿੱਠਦੇ ਹੋਏ ਬਿਤਾਉਣਗੇ । ਸਟਾਫ਼ ਦਾ ਇਧਰ ਉਧਰ ਭੇਜਣਾ ਘੱਟ ਕੀਤਾ ਜਾਵੇਗਾ ।

ਨੇਬਰਹੁੱਡ ਪੁਲਿਸਿੰਗ ਟੀਮ ਨੂੰ ਭੇਜੇ ਗਏ ਹਰੇਕ ਸੰਦੇਸ਼ ਤੇ 24 ਘੰਟਿਆਂ ਦੇ ਵਿੱਚ ਵਿੱਚ ਜਵਾਬੀ ਕਾਰਵਾਈ ਕੀਤੀ ਜਾਵੇਗੀ, ਅਤੇ ਜਿਥੇ ਜ਼ਰੂਰੀ ਹੋਇਆ, ਜਿੰਨੀ ਛੇਤੀ ਹੋ ਸਕਿਆ ਅਸੀਂ ਵਧੇਰੇ ਵਿਸਥਾਰ ਸਹਿਤ ਜਵਾਬੀ ਕਾਰਵਾਈ ਕਰਾਂਗੇ ।

- 999 ਤੇ ਕੀਤੇ ਗਏ ਫੋਨਾਂ ਦਾ 10 ਸਕਿੰਟਾਂ ਵਿੱਚ ਜਵਾਬ ਦੇਣ, ਸੰਕਟ–ਕਾਲ ਵਿੱਚ ਤੁਰੰਤ ਪਹੁੰਚਣ ਦਾ ਅੰਦਾਜ਼ਨ ਸਮਾਂ ਦੇਣ, ਸੁਰਖਿਆ ਪੂਰਵਕ ਅਤੇ ਜਿੰਨੀ ਛੇਤੀ ਹੋ ਸਕੇ ਤੁਹਾਡੇ ਕੋਲ ਪਹੁੰਚਣ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਾਂਗੇ । ਅਸੀਂ ਅਰਬਨ ਏਰੀਆਜ਼ (ਸ਼ਹਿਰੀ ਇਲਾਕਿਆਂ) ਵਿੱਚ 15 ਮਿੰਟਾਂ ਦੇ ਵਿੱਚ ਵਿੱਚ ਅਤੇ ਰੂਰਲ ਏਰੀਆਜ਼ (ਪੇਂਡੂ ਇਲਾਕਿਆਂ) ਵਿੱਚ 20 ਮਿੰਟਾਂ ਦੇ ਵਿੱਚ ਵਿੱਚ ਤੁਹਾਡੇ ਕੋਲ ਪਹੁੰਚਣ ਦੀ ਕੋਸ਼ਿਸ਼ ਕਰਾਂਗੇ ।

ਸਾਰੀਆਂ ਫੋਨ ਕੱਲਜ਼ ਜਿਹੜੀਆਂ ਸੰਕਟਕਾਲੀਨ ਨਾ ਹੋਈਆਂ ਉਹਨਾਂ ਦਾ ਤੁਰੰਤ ਜਵਾਬ ਦੇਵਾਂਗੇ ।

ਜੇਕਰ ਸਾਡੀ ਮੌਜੂਦਗੀ ਦੀ ਜ਼ਰੂਰਤ ਹੋਈ ਤਾਂ ਇਕ ਪੈਟਰੋਲ (ਪੁਲਿਸ ਦੀ ਗਸ਼ਤੀ ਟੁੱਕੜੀ) ਭੇਜਾਂਗੇ ਅਤੇ ਉਸਦੇ ਪਹੁੰਚਣ ਦਾ ਅੰਦਾਜ਼ਨ ਸਮਾਂ ਦੱਸਾਂਗੇ ਅਤੇ:

- ਜੇਕਰ ਤੁਸੀਂ ਅਸੁਰੱਖਿਅਤ ਜਾਂ ਪਰੇਸ਼ਾਨ ਹੋਏ ਤਾਂ ਅਸੀਂ ਤੁਹਾਡੇ ਕੋਲ 60 ਮਿੰਟਾਂ ਦੇ ਵਿੱਚ ਵਿੱਚ ਪਹੁੰਚਣ ਦੀ ਕੋਸ਼ਿਸ਼ ਕਰਾਂਗੇ ।
- ਜੇਕਰ ਤੁਸੀਂ ਇਕ ਅਜਿਹੇ ਮਸਲੇ ਬਾਰੇ ਫੋਨ ਕਰ ਰਹੇ ਹੋਏ ਜਿਸ ਦੀ ਪ੍ਰਵਾਨਗੀ ਅਸੀਂ ਤੁਹਾਡੀ ਕਮਿਊਨਿਟੀ ਨੂੰ ਦੇ ਚੁੱਕੇ ਹੋਏ ਤਾਂ ਉਹ ਨੇੱਬਰਹੁੱਡ ਦੀ ਇਕ ਤਰਜੀਹ ਹੋਵੇਗੀ ਅਤੇ ਜੇਕਰ ਸਾਡੀ ਮੌਜੂਦਗੀ ਦੀ ਲੋੜ ਹੋਈ ਤਾਂ ਅਸੀਂ 60 ਮਿੰਟਾਂ ਦੇ ਵਿੱਚ ਤੁਹਾਡੇ ਕੋਲ ਪਹੁੰਚਣ ਦੀ ਕੋਸ਼ਿਸ਼ ਕਰਾਂਗੇ ।
- ਜਾਂ ਫਿਰ, ਜੇਕਰ ਉਚਿੱਤ ਹੋਇਆ ਤਾਂ ਅਸੀਂ ਤੁਹਾਡੇ ਨਾਲ 48 ਘੰਟਿਆਂ ਦੇ ਵਿੱਚ ਵਿੱਚ ਉਸ ਸਮੇਂ ਮਿਲਣ ਦਾ ਸਮਾਂ ਨਿਯਤ ਕਰਾਂਗੇ ਜਿਹੜਾ ਤੁਹਾਡੇ ਲਈ ਠੀਕ ਹੋਇਆ ।
- ਜੇਕਰ ਇਹ ਫ਼ੈਸਲਾ ਕੀਤਾ ਜਾਂਦਾ ਹੈ ਕਿ ਸਾਡੀ ਮੌਜੂਦਗੀ ਉਥੇ ਜ਼ਰੂਰੀ ਨਹੀਂ ਹੈ ਤਾਂ ਅਸੀਂ ਸਲਾਹ ਦੇਵਾਂਗੇ, ਤੁਹਾਡੇ ਸਵਾਲਾਂ ਦੇ ਜਵਾਬ ਦੇਵਾਂਗੇ ਅਤੇ/ਜਾਂ ਤੁਹਾਡਾ ਸੰਪਰਕ ਕਿਸੇ ਅਜਿਹੇ ਵਿਅਕਤੀ ਨਾਲ ਕਰਵਾ ਦੇਵਾਂਗੇ ਜਿਹੜਾ ਤੁਹਾਡੀ ਮਦਦ ਕਰ ਸਕਦਾ ਹੋਵੇ ।

Outside Pages

Page 4

ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ

ਤੁਹਾਡੀਆਂ ਤਰਜੀਹਾਂ ਨਿਸਚਤ ਕਰਨ ਲਈ, ਮਹੀਨੇ ਵਿੱਚ ਘੱਟੋ ਘੱਟ ਇਕ ਵਾਰੀ, ਆਪਣੀ ਕਮਿਊਨਿਟੀ ਦੇ ਹੋਰ ਮੈਂਬਰਾਂ ਨਾਲ ਆਪਣੀ ਲੋਕਲ ਟੀਮ ਨਾਲ ਮਿਲਣ ਦਾ ਤੁਹਾਨੂੰ ਇਕ ਮੌਕਾ ਦੇਣ ਲਈ ਬਾਕਾਇਦਾ ਪਬਲਿਕ ਮੀਟਿੰਗਾਂ ਦਾ ਪ੍ਰਬੰਧ ਕਰਾਂਗੇ । ਇਹਨਾਂ ਵਿੱਚ ਸਰਜਰੀਜ਼, ਸਟ੍ਰੀਟ ਬ੍ਰੀਫਿੰਗਜ਼ ਅਤੇ ਮੋਬਾਇਲ ਪੁਲਿਸ ਸਟੇਸ਼ਨਾਂ ਦੀਆਂ ਫੇਰੀਆਂ ਵਰਗੇ ਮੌਕੇ ਸ਼ਾਮਲ ਹੋਣਗੇ ਜਿਹਨਾਂ ਦਾ ਪ੍ਰਬੰਧ ਸਥਾਨਕ ਲੋੜਾਂ ਅਤੇ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕੀਤਾ ਜਾਵੇਗਾ ।

- ਕੀਤੀਆਂ ਗਈਆਂ ਕਾਰਵਾਈਆਂ, ਅਤੇ ਸਥਾਨਕ ਅਪਰਾਧ ਅਤੇ ਪੁਲਿਸ ਸਬੰਧੀ ਮਸਲਿਆਂ ਤੇ ਮਹੀਨਾਵਾਰ ਜਾਣਕਾਰੀ ਪਦਾਨ ਕਰਾਂਗੇ । ਜਿਸ ਵਿੱਚ ਉਹਨਾਂ ਇਲਾਕਿਆਂ ਦੇ ਨਕਸ਼ਿਆਂ ਦਾ ਪ੍ਰਬੰਧ ਜਿਹਨਾਂ ਵਿੱਚ ਅਪਰਾਧ ਆਮ ਵਾਪਰਦਾ ਹੈ, ਵਿਸ਼ੇਸ਼ ਅਪਰਾਧਾਂ ਬਾਰੇ ਜਾਣਕਾਰੀ ਅਤੇ ਜਿਹਨਾਂ ਨੂੰ ਨਿਆਂ ਦਿਵਾਇਆ ਗਿਆ ਉਹਨਾਂ ਨਾਲ ਕੀ ਵਾਪਰਿਆ, ਤੁਹਾਡੇ ਨੇਬਰਹੁੱਡ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਸਾਡੇ ਅਤੇ ਸਾਡੇ ਭਾਈਵਾਲਾਂ ਵਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਦੇ ਵੇਰਵੇ ਅਤੇ ਤੁਹਾਡੀ ਪੁਲਿਸ ਫੋਰਸ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਸ਼ਾਮਲ ਹੋਵੇਗੀ ।

ਜੇਕਰ ਅਸੀਂ ਤੁਹਾਡੇ ਨਾਲ ਸਹਿਮਤ ਹੋ ਗਏ ਕਿ ਤੁਸੀਂ ਅਪਰਾਧ ਦੇ ਸ਼ਿਕਾਰ ਹੋਏ ਹੋ ਤਾਂ ਤੁਸੀਂ, ਆਪਣੇ ਕੇਸ ਤੇ ਕੀਤੀ ਜਾ ਰਹੀ ਕਾਰਵਾਈ ਬਾਰੇ ਕਿੰਨੀ ਕੁ ਦੇਰ ਬਾਅਦ ਅਤੇ ਕਿੰਨੇ ਸਮੇਂ ਲਈ, ਚਾਹੋਗੇ ਕਿ ਅਸੀਂ ਤੁਹਾਨੂੰ ਜਾਣਕਾਰੀ ਦਿੰਦੇ ਰਹੀਏ । ਇਹ ਤੁਹਾਡਾ ਹੱਕ ਹੈ ਕਿ ਜੇਕਰ ਤੁਸੀਂ ਚਾਹੋ ਤਾਂ ਘੱਟੋ ਘੱਟ ਹਰ ਮਹੀਨੇ ਅਤੇ ਜਿੰਨੇ ਸਮੇਂ ਲਈ ਉਚਿੱਤ ਹੈ ਤੁਹਾਨੂੰ ਜਾਣਕਾਰੀ ਦਿੱਤੀ ਜਾਵੇ ।

- ਤੁਹਾਨੂੰ ਮਿਲਣ ਵਾਲੀ ਸਰਵਿਸ ਬਾਰੇ ਕਿਸੇ ਕਿਸਮ ਦੀ ਅਸੰਤੁਸ਼ਟੀ ਦੀ ਸਾਨੂੰ ਇਤਲਾਹ ਦੇਣ ਦੇ 24 ਘੰਟਿਆਂ ਦੇ ਵਿੱਚ ਵਿੱਚ ਤੁਹਾਡੀ ਸ਼ਕਾਇਤ ਮਿਲਣ ਦੀ ਪੁਸ਼ਟੀ ਕਰਾਂਗੇ । ਮਸਲੇ ਨੂੰ ਪੂਰੀ ਤਰ੍ਹਾਂ ਹੱਲ ਕਰਨ ਵਿੱਚ ਅਸੀਂ ਆਪਣੀ ਮਦਦ ਲਈ ਤੁਹਾਡੇ ਨਾਲ ਗਲਬਾਤ ਕਰਾਂਗੇ ਕਿ ਇਸ ਨਾਲ ਕਿਵੇ ਨਜਿੱਠਿਆ ਜਾਵੇਗਾ, ਤੁਹਾਨੂੰ ਕਿਸੇ ਵਿਅਕਤੀ ਨਾਲ ਆਪਣੇ ਫਿਕਰਾਂ ਬਾਰੇ ਆਪ ਗਲ ਕਰਨ ਦਾ ਮੌਕਾ ਦੇਵਾਂਗੇ ਅਤੇ ਤਹਿ ਕਰਾਂਗੇ ਕਿ ਉਹਨਾਂ ਬਾਰੇ ਕੀ ਕੀਤਾ ਜਾਵੇਗਾ ਅਤੇ ਕਿੰਨੀ ਛੇਤੀ ਕੀਤਾ ਜਾਵੇਗਾ ।

ਅਸੀਂ ਤੁਹਾਡੇ ਲਈ ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੁੰਦੇ ਹਾਂ ਪਰ ਜੇਕਰ ਅਸੀਂ ਆਪਣੀ ਪਲੇੱਜ਼ ਪੂਰੀ ਕਰਨ ਤੋਂ ਅਸਫਲ ਰਹੇ ਤਾਂ ਅਸੀਂ ਤੁਹਾਨੂੰ ਸਮਝਾਵਾਂਗੇ ਕਿ ਅਸੀਂ ਉਸ ਮੌਕੇ ਤੇ ਉਸ ਉਚ–ਦਰਜੇ ਦੀ ਸਰਵਿਸ ਕਿਉਂ ਨਹੀਂ ਪ੍ਰਦਾਨ ਕਰ ਸਕੇ ਜਿਸ ਦੀ ਅਸੀਂ ਉਮੀਦ ਕਰਦੇ ਹਾਂ ਅਤੇ ਤੁਸੀਂ ਹੱਕਦਾਰ ਹੋ ।